# ਗ਼ਦਰ ਦੀ ਗੂੰਜ

੧੦ ਮਈ ੧੮੫੭ ਨੂੰ ਮੇਰਠ ਵਿਚ ਸਿਪਾਹੀਆਂ ਨੇ `ਫ਼ਿਰੰਗੀ ਕੋ ਮਾਰੋ, ਫ਼ਿਰੰਗੀ ਕੋ ਮਾਰੋ` ਦਾ ਨਾਅਰਾ ਬੁਲੰਦ ਕਰਕੇ ਅੰਗ੍ਰੇਜ਼ ਬਸਤੀਵਾਦ ਦਾ ਰਾਜ ਖ਼ਤਮ ਕਰਨ ਦਾ ਬਿਗਲ ਵਜਾ ਦਿਤਾ। ਦੋ ਦਿਨਾਂ ਬਾਅਦ ਹੀ ਬਾਗੀ ਫ਼ੌਜਾਂ ਅਤੇ ਦੇਸ਼-ਭਗਤਾਂ ਨੇ ਅੰਗਰੇਜ਼ਾਂ ਨੂੰ ਦਿੱਲੀ ਤੋਂ ਬਾਹਰ ਕੱਢ ਦਿਤਾ ਅਤੇ ਬਹਾਦਰਸ਼ਾਹ  ਜ਼ਫਰ ਨੂੰ ਹਿੰਦੁਸਤਾਨ ਦੇ ਰਾਜਤੰਤ੍ਰ ਦਾ ਮੋਢੀ ਅਤੇ ਰਾਜਾ ਬਣਾ ਦਿਤਾ।

ਹਿੰਦੁਸਤਾਨ ਦੇ ਸਾਰੇ ਹੀ ਖੂੰਜਿਆਂ ਵਿਚ ਬਗਾਵਤ ਅਤੇ ਆਜ਼ਾਦੀ ਦੇ ਪਰਚਮ ਝੁੱਲਣ ਲੱਗ ਪਏ। ਲੱਖਾਂ ਹੀ ਲੋਕਾਂ ਨੇ ਆਪਣੀ ਆਨ ਅਤੇ ਸ਼ਾਨ ਲਈ ਆਪਣੀ ਜਾਨ ਦੀਆਂ ਕੁਰਬਾਨੀਆਂ ਦੇ ਦਿੱਤੀਆਂ। ਸਿਪਾਹੀਆਂ, ਕਿਸਾਨਾਂ, ਕਾਰੀਗਰਾਂ ਅਤੇ ਅੰਗ੍ਰੇਜ਼ੀ ਰਾਜ ਦੇ ਦੁਸ਼ਮਣ ਜ਼ਿਮੀਂਦਾਰਾਂ ਨੇ ਬਹਾਦਰੀ ਅਤੇ ਦਲੇਰੀ ਨਾਲ ਅੰਗ੍ਰੇਜ਼ ਨਾਲ ਲੋਹਾ ਲਿਆ ਅਤੇ ਤਕਰੀਬਨ ਦੋ ਸਾਲ ਤਕ ਇਹ ਜੰਗ ਜਾਰੀ ਰਖਿਆ।

ਮਹਾਰਾਜਾ ਪਟਿਆਲਾ ਅਤੇ ਕੁਝ ਹੋਰਨਾਂ ਗੱਦਾਰਾਂ ਅਤੇ ਅੰਗਰੇਜ਼ਾਂ ਦੇ ਜੁੱਤੀਚੱਟ ਰਾਜਿਆਂ ਦੀ ਗੱਦਾਰੀ ਅਤੇ ਮਦਦ ਕਰਕੇ ਹਿੰਦੁਸਤਾਨ ਦੀ ਆਜ਼ਾਦੀ ਦੀ ਇਹ ਪਹਿਲੀ ਜੰਗ ਨਾਕਾਮ ਹੋ ਗਈ। ਅੰਗਰੇਜ਼ਾਂ ਨੇ ਬੇਅੰਤ ਤਸ਼ੱਦਦ ਅਤੇ ਜ਼ੁਲਮ ਲੋਕਾਂ ਤੇ ਢਾਇਆ। ਕਲਕੱਤੇ ਤੋਂ ਪਿਸ਼ਾਵਰ ਤਕ ਜਰਨੈਲੀ ਸੜਕ ਤੇ ਦਰਖਤਾਂ ਤੇ ਦੇਸ਼ ਭਗਤ ਔਰਤਾਂ, ਮਰਦਾਂ, ਜਵਾਨਾਂ ਅਤੇ ਬੁੱਢਿਆਂ ਨੂੰ ਫਾਂਸੀ ਤੇ ਲਟਕਾ ਦਿਤਾ ਗਿਆ। ਇਕ ਖੋਜ ਮੁਤਾਬਿਕ ਅੰਗਰੇਜ਼ਾਂ ਨੇ ਇਕ ਕਰੋੜ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ।ਬਸਤੀਵਾਦ ਖ਼ਿਲਾਫ਼ ਇਹ ਦੁਨੀਆ ਦੀ ਸਾਰਿਆਂ ਨਾਲੋਂ ਵੱਡੀ ਬਗਾਵਤ ਸੀ। ਬਸਤੀਵਾਦ ਦੇ ਖ਼ਿਲਾਫ਼ ਇਸ ਪੱਧਰ ਦੀ ਬਗਾਵਤ ਪਹਿਲਾਂ ਕਦੀ ਨਹੀਂ ਹੋਈ।

ਦਿੱਲੀ ਉੱਤੇ ਕਬਜ਼ੇ ਬਾਅਦ ਅੰਗਰੇਜ਼ਾਂ ਨੇ ਬਹਾਦਰ ਸ਼ਾਹ ਜ਼ਫਰ ਦੇ ਪੁੱਤਾਂ ਦੇ ਸਿਰ ਵੱਢ ਕੇ ਥਾਲ ਵਿਚ ਰੱਖ ਕੇ ਜ਼ਫ਼ਰ ਨੂੰ ਭੇਜੇ ਅਤੇ ਉਸਨੂੰ ਰੰਗੂਨ, ਬਰਮਾ ਵਿਚ ਜਲਾਵਤਨ ਕਰ ਦਿਤਾ। ਮਹਾਰਾਜਾ ਪਟਿਆਲਾ ਨੂੰ ਦਿੱਲੀ ਲੁੱਟਣ ਲਈ ਤਿੰਨ ਦਿਨਾਂ ਦੀ ਖੁੱਲ ਦੇ ਦਿਤੀ ਜਿਸ ਦੌਰਾਨ ਮਹਾਰਾਜਾ ਨਰਿੰਦਰ ਸਿੰਘ ਨੇ ਦਿੱਲੀ ਦੇ ਲੋਕਾਂ ਨੂੰ ਜੀਅ ਭਰਕੇ ਲੁੱਟਿਆ। ਅੰਗਰੇਜ਼ਾਂ ਵਲੋਂ ਇਹ ਉਸਦੀ ਗੱਦਾਰੀ ਦਾ ਇਨਾਮ ਸੀ। ਮਹਾਰਾਜਾ ਪਟਿਆਲਾ ਅਤੇ ਸਿੰਧੀਆ ਵਰਗੇ ਹੋਰਨਾਂ ਗੱਦਾਰਾਂ ਨੂੰ ਵੀ ਉਨ੍ਹਾਂ ਨੇ ਜਗੀਰਾਂ ਨਾਲ ਵੀ ਨਿਵਾਜਿਆ।

ਜ਼ੁਲਮ ਅਤੇ ਤਸ਼ੱਦਦ ਦੇ ਨਾਲ ਨਾਲ ਉਨ੍ਹਾਂ ਨੇ ਆਪਣੇ ਝੋਲੀਚੁੱਕ "ਸਮਾਜ ਸੁਧਾਰਕਾਂ" ਨੂੰ ਵੀ ਪਾਲਣਾ ਸ਼ੁਰੂ ਕਰ ਦਿਤਾ। ਬੰਬਈ, ਮਦਰਾਸ, ਕਲਕੱਤੇ ਵਿਚ ਉਨ੍ਹਾਂ ਲਈ ਯੂਨੀਵਰਸਿਟੀਆਂ ਸ਼ੁਰੂ ਕਰ ਦਿੱਤੀਆਂ ਤਾਂ ਕਿ ਉਹ ਲੋਕਾਂ ਨੂੰ ਗਦਰ ਅਤੇ ਆਜ਼ਾਦੀ ਦੇ ਰਾਹ ਤੋਂ ਕੁਰਾਹੇ ਪਾਉਣ ਵਿਚ ਉਨ੍ਹਾਂ ਦੀ ਮਦਦ ਕਰਨ।

ਸਰ ਸਈਅਦ ਅਹਿਮਦ, ਫੂਲੇ, ਦਾਦਾ ਭਾਈ ਨਾਰੋਜੀ ਵਗੈਰਾ "**ਜੈਂਟਰਮੈਨਾਂ**" ਨੇ ਕਹਿਣਾ ਸ਼ੁਰੂ ਕਰ ਦਿਤਾ ਕਿ ਅੰਗ੍ਰੇਜ਼ ਤਾਂ ਹਿੰਦੁਸਤਾਨ ਦੇ ਲੋਕਾਂ ਦੇ ਭਲੇ ਲਈ ਹੀ ਰਾਜ ਕਰਨਾ ਚਾਹੁੰਦੇ ਹਨ। ਸਾਡੀਆਂ ਕੁਰੀਤੀਆਂ ਹੀ ਸਾਡੇ ਮਸਲਿਆਂ ਦੀ ਜੜ੍ਹ ਹਨ। ਇਸ ਲਈ ਸਾਹਿਬ ਬਹਾਦਰ ਦੀ ਕਿਰਪਾ ਅਤੇ ਮਦਦ ਨਾਲ ਸਾਨੂੰ ਜਹਾਲਤ ਅਤੇ ਕੁਰੀਤੀਆਂ ਖ਼ਿਲਾਫ਼ ਕੰਮ ਕਰਨ ਦੀ ਲੋੜ ਹੈ।

ਦਰ ਦਾ ਨਾਅਰਾ ਸੀ "ਫ਼ਿਰੰਗੀ ਕੋ ਮਾਰੋ", ਇਨ੍ਹਾਂ ਨੇ ਕਹਿਣਾ ਸ਼ੁਰੂ ਕਰ ਦਿਤਾ ਫ਼ਿਰੰਗੀ ਸੇ ਪਿਆਰ ਕਰੋ । ਗੋਖਲੇ,  ਜਿਨਾਹ, ਨਹਿਰੂ ਅਤੇ ਗਾਂਧੀ ਇਨ੍ਹਾਂ ਝੋਲੀਚੁੱਕਾਂ ਵਿਚ ਸਨ ਜੋ ਲੋਕਾਂ ਨੂੰ ਕਹਿੰਦੇ ਸੀ ਕਿ ਅੰਗ੍ਰੇਜ਼ ਤਾਂ ਅਸਲੀਅਤ ਵਿਚ ਹਿੰਦੁਸਤਾਨ ਦੇ ਲੋਕਾਂ ਨਾਲ ਇਨਸਾਫ਼ ਕਰਨਾ ਚਾਹੁੰਦੇ ਹਨ ਇਸ ਲਈ ਇਨ੍ਹਾਂ ਨੂੰ ਮਾਰਨ ਅਤੇ ਹਿੰਦੁਸਤਾਨ ਤੋਂ ਭਜਾਉਣ ਦੀ ਗੱਲ ਨਾ ਕਰੋ, ਇਨ੍ਹਾਂ ਤੋਂ ਸਿੱਖੋ ਅਤੇ ਲੋਕਾਂ ਦੀ ਲੁੱਟ ਵਿਚ ਹਿੱਸਾ ਲਉ।

ਗਦਰ ਦਾ ਨਾਅਰਾ ਸੀ "ਹਮ ਹੈਂ ਇਸਕੇ ਮਾਲਕ ਹਿੰਦੁਸਤਾਨ ਹਮਾਰਾ"। ਇਨ੍ਹਾਂ ਝੋਲੀਚੁੱਕਾਂ ਦਾ ਅਕੀਦਾ ਸੀ ਕਿ ਅੰਗ੍ਰੇਜ਼ ਅਤੇ ਇਸਦੇ ਰਾਜ ਬਗੈਰ ਹਿੰਦੁਸਤਾਨ ਦੇ ਲੋਕ ਰਹਿ ਨਹੀਂ ਸਕਦੇ।

ਗ਼ਦਰ ਦੇ ੯੦ ਸਾਲ ਬਾਅਦ ਲੋਕਾਂ ਦੇ ਘੋਲਾਂ ਅਤੇ ਹੋਰਨਾਂ ਕਾਰਨਾਂ ਕਰਕੇ ਬਸਤੀਵਾਦੀਆਂ ਨੂੰ ਹਿੰਦੁਸਤਾਨ ਛੱਡਣਾ ਪਿਆ। ਪਰ ਉਨ੍ਹਾਂ ਦੇ ਜੋਟੀਦਾਰ ਅੱਜ ਵੀ ਲੋਕਾਂ ਵਿਚ ਭੁਲੇਖੇ ਖੜ੍ਹੇ ਕਰ ਰਹੇ ਹਨ ਕਿ ਬਸਤੀਵਾਦ ਅਤੇ ਸਾਮਰਾਜ ਬਗੈਰ ਦੱਖਣੀ ਏਸ਼ੀਆ ਦੇ ਮੁਲਕ ਅਤੇ ਲੋਕ ਖੁਸ਼ਹਾਲ ਨਹੀਂ ਹੋ ਸਕਦੇ। ਮਨਮੋਹਨ ਸਿੰਘ, ਜ਼ਰਦਾਰੀ ਅਤੇ ਸ਼ੇਖ ਹਸੀਨਾ ਵਰਗੇ ਇਹੋ ਰੱਟਾ ਲਾਈ ਰਖਦੇ ਹਨ। ਅੱਜ ਉਹ ਕਹਿੰਦੇ ਹਨ ਕਿ ਸਾਮਰਾਜੀ ਮੁਲਕਾਂ ਦੇ ਕਰਜ਼ਿਆਂ ਅਤੇ ਸਰਮਾਏ ਬਗੈਰ ਹਿੰਦੁਸਤਾਨ ਦੇ ਲੋਕ ਭੁੱਖ ਅਤੇ ਗੁਰਬਤ ਤੋਂ ਛੁਟਕਾਰਾ ਨਹੀਂ ਪਾ ਸਕਦੇ। ਇਸ ਬਹਾਨੇ ਮੁਲਕ ਅਤੇ ਲੋਕਾਂ ਦੇ ਕੁਦਰਤੀ ਅਤੇ ਮਨੁੱਖੀ ਸਾਧਨ ਇਨ੍ਹਾਂ ਬਸਤੀਵਾਦੀ ਅਤੇ ਸਾਮਰਾਜੀ ਬੈਂਕਾਂ ਅਤੇ ਕੰਪਨੀਆਂ ਦੇ ਹਵਾਲੇ ਕੀਤੇ ਜਾ ਰਹੇ ਹਨ। ਮਨਮੋਹਨ ਸਿੰਘ ਵਰਗੇ ਬੜੀ ਬੇਸ਼ਰਮੀ ਨਾਲ ਅੱਜ ਵੀ ਕਹਿੰਦੇ ਹਨ ਕਿ ਅੰਗ੍ਰੇਜ਼ ਬਸਤੀਵਾਦ ਦਾ ਰਾਜ ਹਿੰਦੁਸਤਾਨ ਲਈ ਚੰਗਾ ਸੀ ਅਤੇ ਅੱਜ ਵੀ ਸਾਨੂੰ ਅਮਰੀਕਾ ਅਤੇ ਹੋਰਨਾਂ ਸਾਮਰਾਜੀਆਂ ਦੀ ਲੋੜ ਹੈ।

ਗਦਰ ਦੇ ੧੫੫ ਸਾਲ ਬਾਅਦ ਅੱਜ ਵੀ ਗਦਰ ਦੀ ਮੰਗ "ਹਮ ਹੈਂ ਇਸਕੇ ਮਾਲਕ ਹਿੰਦੁਸਤਾਨ ਹਮਾਰਾ", ਲੋਕਾਂ ਦੀ ਮੰਗ ਬਣੀ ਹੋਈ ਹੈ। ਲੋਕ ਆਪਣੇ ਦੇਸ਼ ਦੇ ਅਸਲ ਮਾਲਕ ਬਣਨਾ ਚਾਹੁੰਦੇ ਹਨ। ਉਹ ਆਪਣੀ ਕਿਸਮਤ ਦੇ ਫੈਸਲੇ ਆਪ ਕਰਨਾ ਚਾਹੁੰਦੇ ਹਨ। ਇਸ ਕਰਕੇ ਅੱਜ ੧੫੫ ਸਾਲ ਬਾਅਦ ਵੀ ਉਹ ਗਦਰ ਦੀ ਗੂੰਜ ਨੂੰ ਬੜੇ ਧਿਆਨ ਨਾਲ ਸੁਣਦੇ ਹਨ।